GOVERNMENT OF WESTERN AUSTRALIA

PathWest LABORATORY MEDICINE WA

# ਗਲੂਕੋਜ਼ ਸਹਿਣਸ਼ੀਲਤਾ ਟੈਸਟ (GTT)



ਬੁਕਿੰਗ ਕਰਵਾਉਣ ਦੀ ਲੋੜ ਹੈ

Punjabi | ਪੰਜਾਬੀ

ਇਹ ਟੈਸਟ PathWest ਦੇ ਸਾਰੇ ਟੈਸਟ ਕਰਨ ਲਈ ਨਮੂਨਾ ਲੈਣ ਵਾਲੇ ਸੈਂਟਰਾਂ 'ਤੇ ਕੀਤਾ ਜਾਂਦਾ ਹੈ। ਗਲੂਕੋਜ਼ ਸਹਿਣਸ਼ੀਲਤਾ ਟੈਸਟ ਆਮ ਤੌਰ 'ਤੇ ਸਵੇਰੇ ਕੀਤੇ ਜਾਂਦੇ ਹਨ। ਸਾਡੇ ਨਾਲ 2-3 ਘੰਟੇ ਰਹਿਣ ਦੀ ਯੋਜਨਾ ਬਣਾਓ।

## ਆਪਣੇ ਟੈਸਟ ਤੋਂ ਪਹਿਲਾਂ

- ਇਸ ਟੈਸਟ ਤੋਂ ਘੱਟੋ-ਘੱਟ 10 ਘੰਟੇ ਪਹਿਲਾਂ ਵਰਤ ਰੱਖਣਾ ਜ਼ਰੂਰੀ ਹੈ, ਪਰ 12 ਘੰਟਿਆਂ ਤੋਂ ਵੱਧ ਨਹੀਂ। ਇਸਦਾ ਮਤਲਬ ਹੈ ਕਿ ਕੋਈ ਵੀ ਤਰਲ ਭੋਜਨ ਨਹੀਂ, ਜਿਵੇਂ ਕਿ ਚਾਹ, ਕੌਫੀ, ਜੂਸ, ਦੁੱਧ, ਚਿਊਇੰਗਮ ਜਾਂ ਖੰਘ ਲਈ ਚੂਸਣ ਵਾਲੀਆਂ ਗੋਲੀਆਂ ਕਿਉਂਕਿ ਇਹ ਤੁਹਾਡੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਪਿਆਸ ਲੱਗਣ 'ਤੇ ਤੁਸੀਂ ਪਾਣੀ ਪੀ ਸਕਦੇ ਹੋ।
- ਕੋਈ ਵੀ ਡਾਕਟਰ ਵੱਲੋਂ ਨਿਰਧਾਰਤ ਦਵਾਈਆਂ ਲੈਣਾ ਜਾਰੀ ਰੱਖੋ, ਜਦੋਂ ਤੱਕ ਤੁਹਾਡੇ ਡਾਕਟਰ ਦੁਆਰਾ ਕੁੱਝ ਹੋਰ ਕਰਨ ਲਈ ਨਹੀਂ ਕਿਹਾ ਜਾਂਦਾ ਹੈ।
- ਆਪਣੇ ਟੈਸਟ ਤੋਂ ਤਿੰਨ ਦਿਨ ਪਹਿਲਾਂ ਕਾਰਬੋਹਾਈਡਰੇਟ ਸਮੇਤ, ਆਪਣੀ ਨਿਯਮਤ ਖ਼ੁਰਾਕ ਖਾਂਦੇ ਰਹਿਣਾ ਮਹੱਤਵਪੂਰਨ ਹੈ।

## ਆਪਣੇ ਟੈਸਟ ਵਾਲੇ ਦਿਨ

ਆਪਣੇ ਟੈਸਟ ਵਾਲੇ ਦਿਨ ਦੀ ਸਵੇਰ ਨੂੰ ਖ਼ਾਲੀ ਪੇਟ ਰਹਿਣਾ ਜਾਰੀ ਰੱਖੋ। ਜੇਕਰ ਪਿਆਸ ਲੱਗੇ ਤਾਂ ਕੇਵਲ ਪਾਣੀ ਹੀ ਪੀ ਸਕਦੇ ਹੋ। ਟੈਸਟ ਤੋਂ ਇੱਕ ਘੰਟਾ ਪਹਿਲਾਂ ਅਤੇ ਟੈਸਟ ਦੌਰਾਨ ਤੰਬਾਕੂਨੋਸ਼ੀ ਕਰਨ ਤੋਂ ਗੁਰੇਜ਼ ਕਰੋ।

## ਆਪਣੇ ਟੈਸਟ ਦੇ ਦੌਰਾਨ

ਤੁਹਾਨੂੰ ਪ੍ਰਕਿਰਿਆ ਪੂਰੀ ਹੋਣ ਤੱਕ ਨਮੂਨਾ ਲੈਣ ਵਾਲੇ ਸੈਂਟਰ ਵਿੱਚ ਰਹਿਣ ਅਤੇ ਬੈਠੇ ਰਹਿਣ ਦੀ ਲੋੜ ਹੁੰਦੀ ਹੈ।

## ਤੁਹਾਡੇ ਟੈਸਟ ਦੌਰਾਨ ਕੀ ਹੁੰਦਾ ਹੈ?

1. ਤੁਹਾਡੇ ਖ਼ਾਲੀ ਪੇਟ ਰਹਿਣ ਵਾਲੇ ਖ਼ੂਨ ਦਾ ਨਮੂਨਾ ਲਿਆ ਜਾਂਦਾ ਹੈ ਅਤੇ ਉਸ ਤੋਂ ਤੁਰੰਤ ਬਾਅਦ, ਤੁਹਾਨੂੰ ਗਲੂਕੋਜ਼ ਦਾ ਘੋਲ ਪੀਣ ਲਈ ਕਿਹਾ ਜਾਵੇਗਾ।
2. ਇਸ ਦੇ ਇੱਕ ਘੰਟੇ ਬਾਅਦ, ਇੱਕ ਹੋਰ ਖ਼ੂਨ ਦਾ ਨਮੂਨਾ ਲਿਆ ਜਾਵੇਗਾ।
3. ਗਲੂਕੋਜ਼ ਦਾ ਘੋਲ ਪੀਣ ਤੋਂ ਦੋ ਘੰਟੇ ਬਾਅਦ, ਇੱਕ ਹੋਰ ਖ਼ੂਨ ਦਾ ਨਮੂਨਾ ਲਿਆ ਜਾਵੇਗਾ।

ਬੇਦਾਅਵਾ: ਇਹ ਪ੍ਰਕਾਸ਼ਨ ਆਮ ਸਿੱਖਿਆ ਅਤੇ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਕਿਸੇ ਵੀ ਕਿਸਮ ਦੀ ਡਾਕਟਰੀ ਸਲਾਹ ਦੀ ਲੋੜ ਲਈ ਕਿਸੇ ਯੋਗਤਾ ਪ੍ਰਾਪਤ ਸਿਹਤ-ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।

© State of Western Australia, PathWest Laboratory Medicine WA 2024